# **ਪੰਜਾਬ ਰਾਜ  ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ.ਨਗਰ**
## **ਗਰੁੱਪ ਡੀ ਦੀਆਂ ਆਸਾਮੀਆਂ ਸੰਬਧੀ ਨੋਟਿਸ**

| ਰੋਜ਼ਗਾਰ ਨੋਟਿਸ ਨੰਬਰ | ਅਰਜ਼ੀਆਂ ਦੀ ਪ੍ਰਾਪਤੀ ਦੀ ਆਖਰੀ ਮਿਤੀ (ਆਫਲਾਈਨ ਵਿੱਧੀ ਰਾਹੀਂ) |
|---|---|
| 75/ਪਲਸਾ/2024 | 03.07.2024 |

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਹੇਠ ਦਰਸਾਏ ਵੇਰਵੇ ਅਨੁਸਾਰ **ਗਰੁੱਪ ਡੀ** ਦੀਆਂ 07 ਅਸਾਮੀਆਂ ਲਈ ਯੋਗ ਉਮੀਦਵਾਰਾਂ ਤੋਂ ਆਫਲਾਈਨ ਵਿਧੀ ਰਾਹੀਂ ਬਿਨੈ ਪੱਤਰਾਂ (**Annexure A** ਅਨੁਸਾਰ) ਦੀ ਮੰਗ ਕੀਤੀ ਜਾਂਦੀ ਹੈ:-

| ਅਸਾਮੀ ਦਾ ਨਾਮ | ਅਸਾਮੀਆਂ ਦੀ ਗਿਣਤੀ |
|---|---|
| **ਗਰੁੱਪ ਡੀ** | ਜਨਰਲ -05<br>ਖਿਡਾਰੀ-01<br>ਅਨੁਸੂਚਿਤ ਜਾਤੀ-01 |

**ਨੋਟ:-**

- ਗਰੁੱਪ-ਡੀ ਦੇ ਕਰਮਚਾਰੀਆਂ ਦੀ ਡਿਊਟੀ ਦੇ ਖੇਤਰ ਵਿੱਚ ਚੌਕੀਦਾਰੀ ਦਾ ਕੰਮ, ਸਫਾਈ ਦਾ ਕੰਮ, ਵਾਟਰਮੈਨ-ਕਮ-ਮਾਲੀ ਨਾਲ ਸਬੰਧਤ ਕੰਮ ਅਤੇ ਰਾਜ ਸਰਕਾਰ ਵੱਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ ਗਰੁੱਪ-ਡੀ ਦੇ ਕਰਮਚਾਰੀ ਦੀ ਡਿਊਟੀ ਦੇ ਖੇਤਰ ਵਿੱਚ ਆਉਣ ਵਾਲੇ ਹੋਰ ਸਾਰੇ ਕੰਮ ਸ਼ਾਮਲ ਹੋਣਗੇ।
- ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਕੋਲ ਕਿਸੇ ਵੀ ਪੜਾਅ ਤੇ ਅਸਾਮੀਆਂ ਦੀ ਗਿਣਤੀ ਵਧਾਉਣ ਜਾਂ ਘਟਾਉਣ ਦਾ ਅਧਿਕਾਰ ਰਾਖਵਾਂ ਰਹੇਗਾ।
- ਮੁਕੰਮਲ ਬਿਨੈ-ਪੱਤਰ ਸਮੇਤ ਦਸਤਾਵੇਜ ਹੇਠ ਦਰਸਾਏ ਪਤੇ ਤੇ ਮਿਤੀ 03.07.2024 ਤੱਕ ਹਰ ਹਾਲਤ ਵਿੱਚ ਪਹੁੰਚਾਉਣਾ ਯਕੀਨੀ ਬਣਾਇਆ ਜਾਵੇ:-

**ਮੈਂਬਰ ਸਕੱਤਰ**
**ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ**
**ਸਾਈਟ ਨੰ.126, ਸਾਹਮਣੇ ਗਮਾਡਾ ਕਮਿਊਨਿਟੀ ਸੈਂਟਰ**
**ਸੈਕਟਰ 69, ਐਸ.ਏ.ਐਸ. ਨਗਰ-160062**

**1. ਉਮਰ ਸੀਮਾ:**

- ਬਿਨੈਕਾਰ ਦੀ ਉਮਰ 01.01.2024 ਨੂੰ 16 ਸਾਲ ਤੋਂ ਘੱਟ ਅਤੇ 37 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ।

- ਅਨੁਸੂਚਿਤ ਜਾਤੀ ਨਾਲ ਸਬੰਧ ਰੱਖਣ ਵਾਲੇ ਉਮੀਦਵਾਰਾਂ ਨੂੰ ਉਮਰ ਦੀ ਉਪਰਲੀ ਸੀਮਾ ਵਿੱਚ 05 ਸਾਲ ਦੀ ਛੋਟ ਹੋਵੇਗੀ।

**2. ਵਿੱਦਿਅਕ ਯੋਗਤਾ ਅਤੇ ਤਜਰਬਾ**

• ਬਿਨੈਕਾਰ ਵੱਲੋ ਇੱਕ ਵਿਸ਼ੇ ਵਜੋਂ ਪੰਜਾਬੀ ਨਾਲ ਮਿਡਲ ਪੱਧਰ ਇਸ ਦੇ ਬਰਾਬਰ ਦੀ ਪ੍ਰੀਖਿਆ ਪਾਸ ਕੀਤੀ ਹੋਵੇ।

ਨੋਟ:-

**ਬਿਨੈਕਾਰ ਬਿਨੈ-ਪੱਤਰ ਭਰਨ ਦੀ ਆਖਰੀ ਮਿਤੀ 03.07.2024 ਤੱਕ ਆਸਾਮੀ ਲਈ ਲੋੜੀਂਦੀ ਯੋਗਤਾ ਸੰਬਧੀ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ।**

**3. ਰਾਖਵਾਂਕਰਨ**

- ਰਾਖਵੀਂ ਸ਼੍ਰੇਣੀ ਦਾ ਲਾਭ ਲੈਣ ਵਾਲੇ ਉਮੀਦਵਾਰਾਂ ਲਈ ਪੰਜਾਬ ਰਾਜ ਦਾ ਰਿਹਾਇਸੀ ਸਰਟੀਫੀਕੇਟ ਹੋਣਾ ਲਾਜਮੀ ਹੈ ।
- ਅਨੁਸਚਿਤ ਜਾਤੀ ਨਾਲ ਸਬੰਧ ਰਖੱਦੇ ਉਮੀਦਵਾਰਾਂ ਲਈ ਸਮਰੱਥ ਅਥਾਰਟੀ ਵੱਲੋਂ ਜਾਰੀ ਸਰਟੀਫੀਕੇਟ ਪੇਸ਼ ਕਰਨਾ ਲਾਜਮੀ ਹੋਵੇਗਾ।
- ਖਿਡਾਰੀਆਂ ਦੀ ਕੈਟਾਗਿਰੀ ਦਾ ਲਾਭ ਲੈਣ ਵਾਲੇ ਉਮੀਦਵਾਰ ਨੂੰ ਇਹ ਸ਼ਰਤ ਪੂਰੀ ਕਰਨੀ ਜ਼ਰੂਰੀ ਹੋਵੇਗੀ ਕਿ ਉਸਨੇ ਰਾਜ ਪੱਧਰੀ ਫੈਡਰੇਸ਼ਨ ਦੁਆਰਾ ਆਯੋਜਿਤ ਪੰਜਾਬ ਓਲੰਪਿਕ ਐਸੋਸੀਏਸ਼ਨ ਨਾਲ ਜੁੜੇ ਕਿਸੇ ਵੀ ਵਿਸ਼ੇ ਵਿੱਚ ਰਾਜ ਪੱਧਰੀ ਚੈਂਪੀਅਨਸ਼ਿਪ ਵਿੱਚ ਪੰਜਾਬ ਰਾਜ ਦੀ ਨੁਮਾਇੰਦਗੀ ਕਰਦਿਆਂ ਟੀਮ ਜਾਂ ਵਿਅਕਤੀਗਤ ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਜਾਂ ਤੀਜਾ ਸਥਾਨ ਪ੍ਰਾਪਤ ਕੀਤਾ ਹੋਵੇ। ਗੈਰ-ਓਲੰਪਿਕ ਖੇਡਾਂ ਜਿਵੇਂ ਕਿ ਕ੍ਰਿਕਟ ਅਤੇ ਟੈਨਿਸ ਦੀਆਂ ਖੇਡਾਂ ਵਿੱਚ ਜੇਤੂ ਖਿਡਾਰੀ ਵੱਲੋਂ ਨੈਸ਼ਨਲ ਫੈਡਰੇਸਨ ਤੋਂ ਮਾਨਤਾ ਪ੍ਰਾਪਤ ਰਾਜ ਪੱਧਰੀ ਐਸੋਸੀਏਸ਼ਨ ਵੱਲੋ ਆਯੋਜਿਤ ਰਾਜ ਪੱਧਰੀ ਚੈਂਪੀਅਨਸ਼ਿਪ ਵਿੱਚ ਪਹਿਲੇ ਤੀਨ ਸਥਾਨਾਂ ਵਿੱਚੋ ਕੋਈ ਵੀ ਸਥਾਨ ਪ੍ਰਾਪਤ ਕੀਤਾ ਹੋਵੇ

• ਖੇਡ ਸ਼੍ਰੇਣੀ ਦਾ ਲਾਭ ਲੈਣ ਵਾਲੇ ਉਮੀਦਵਾਰਾਂ ਲਈ Punjab Recruitment of Sportsmen Rules, 1988, Punjab Recruitment of Sportsmen Rules (First amendment), 2019, Punjab Recruitment of Sportsmen Rules (First amendment), 2020 ਅਤੇ ਪੰਜਾਬ ਸਰਕਾਰ ਦੇ ਪੱਤਰ ਨੰਬਰ 20/4/86- 5PP1/13204/ 19.07.1989 ਵਿੱਚ ਦਰਜ ਸ਼ਰਤਾਂ ਪੂਰੀਆਂ ਕਰਦੇ ਹੋਣ ਅਤੇ ਇਸ ਤੋਂ ਇਲਾਵਾ ਹੋਰ ਹਦਾਇਤਾਂ ਜੋ ਕਿ ਪੰਜਾਬ ਸਰਕਾਰ ਵੱਲੋਂ ਸਮੇਂ ਸਮੇਂ ਤੇ ਜਾਰੀ ਕੀਤੀਆਂ ਗਈਆਂ ਹੋਣ ।

**ਨੋਟ:-**

**ਖੇਡ ਸ਼੍ਰੇਣੀ ਵਿੱਚ ਅਰਜ਼ੀ ਦੇਣ ਵਾਲੇ ਉਮੀਦਵਾਰਾਂ ਨੂੰ ਸਮੇਂ-ਸਮੇਂ ਤੇ ਰਾਜ ਸਰਕਾਰ ਦੁਆਰਾ ਜਾਰੀ ਨਿਯਮਾਂ ਅਤੇ ਹਦਾਇਤਾਂ ਅਨੁਸਾਰ ਗ੍ਰੇਡੇਸ਼ਨ ਸਰਟੀਫਿਕੇਟਾਂ ਦੀਆਂ ਸਵੈ-ਪ੍ਰਮਾਣਿਤ ਕਾਪੀਆਂ ਜਮ੍ਹਾਂ ਕਰਵਾਉਣੀਆਂ ਲਾਜਮੀ ਹੋਣਗੀਆਂ;**

ਡਾਇਰੈਕਟਰ, ਖੇਡ ਵਿਭਾਗ, ਪੰਜਾਬ ਖੇਡ ਗ੍ਰੇਡੇਸ਼ਨ ਸਰਟੀਫਿਕੇਟ ਜਾਰੀ ਕਰਨ ਲਈ ਸਮਰੱਥ ਅਥਾਰਟੀ ਹੈ। ਕਿਸੇ ਹੋਰ ਅਥਾਰਟੀ ਵੱਲੋਂ ਜਾਰੀ ਕੀਤੇ ਗਏ ਕਿਸੇ ਹੋਰ ਖੇਡ ਸਰਟੀਫਿਕੇਟ ਨੂੰ ਖੇਡ ਸ਼੍ਰੇਣੀ ਅਧੀਨ ਰਾਖਵਾਂਕਰਨ ਦੇ ਦਾਅਵੇ ਲਈ ਜਾਇਜ਼ ਸਰਟੀਫਿਕੇਟ ਵਜੋਂ ਸਵੀਕਾਰ ਨਹੀਂ ਕੀਤਾ ਜਾਵੇਗਾ;

**4. ਤਨਖ਼ਾਹ ਸਕੇਲ**

7ਵੇਂ ਕੇਂਦਰੀ ਤਨਖਾਹ ਕਮਿਸ਼ਨ ਤਹਿਤ ਜਾਰੀ ਤਨਖਾਹ ਮੈਟ੍ਰਿਕਸ ਅਨੁਸਾਰ ਘੱਟੋ-ਘੱਟ ਸਵੀਕਾਰਯੋਗ ਤਨਖਾਹ 18000/- ਰੁਪਏ ਹੋਵੇਗੀ, ਜੋ ਇਸ ਸ਼ਰਤ ਦੇ ਅਧੀਨ ਹੋਵੇਗੀ ਕਿ ਰਾਜ ਸਰਕਾਰ ਵੱਲੋਂ ਪੱਤਰ ਨੰਬਰ 7/204/2012-4FP1/60/15.01.2015 ਅਤੇ ਨੰਬਰ 7/204/2012-4FP1/853793/04.10.2016 ਰਾਹੀਂ ਜਾਰੀ ਹਦਾਇਤਾਂ ਲਾਗੂ ਹੋਣਗੀਆਂ।

**5. ਚੋਣ ਮਾਪਦੰਡ**

- ਉਮੀਦਵਾਰਾਂ ਦੀ ਚੋਣ '**Assessment of General Aptitude, Behavior, Dress & Mannerism'** ਦੇ ਆਧਾਰ ਤੇ ਕੀਤੀ ਜਾਵੇਗੀ।
- ਇੱਥੇ ਇਹ ਸਪਸਟ ਕੀਤਾ ਜਾਂਦਾ ਹੈ ਕਿ ਸਮਰੱਥ ਅਥਾਰਟੀ ਵੱਲੋਂ ਤੈਅ ਚੋਣ ਮਾਪਦੰਡਾਂ ਅਨੁਸਾਰ ਪ੍ਰਾਪਤ ਹੋਈਆ ਅਰਜੀਆਂ ਨੂੰ ਯੋਗ ਜਾ ਅਯੋਗ ਕਰਾਰ ਦੇਣ ਸਬੰਧੀ ਸਾਰੇ ਅਧਿਕਾਰ ਵਿਭਾਗ ਕੋਲ ਰਾਖਵੇਂ ਰਹਿਣਗੇ।

**6. ਅਰਜ਼ੀ ਦੇਣ ਦਾ ਤਰੀਕਾ**

ਉਮੀਦਵਾਰ ਬਿਨੈ-ਪੱਤਰ ਫਾਰਮ **(Annexure A)** ਸਮੇਤ ਹੇਠਾਂ ਦਿੱਤੇ ਦਸਤਾਵੇਜ਼ਾਂ ਦੀਆਂ ਫੋਟੋ ਕਾਪੀਆਂ (ਸਵੈ-ਪ੍ਰਮਾਣਿਤ) ਜਮ੍ਹਾਂ ਕਰਾਉਣਗੇ:-

- ✓ ਮਿਡਲ ਸਟੈਂਡਰਡ ਪਾਸ ਸਰਟੀਫਿਕੇਟ;
- ✓ ਜਨਮ ਮਿਤੀ ਸਬੰਧੀ ਸਰਟੀਫਿਕੇਟ;
- ✓ ਮਿਡਲ ਸਟੈਂਡਰਡ ਤੋਂ ਉੱਚੀ ਵਿਦਿਅਕ ਯੋਗਤਾ ਦੇ ਸਰਟੀਫਿਕੇਟ;
- ✓ ਰਿਹਾਇਸ਼ੀ ਸਰਟੀਫਿਕੇਟ (ਰਿਜ਼ਰਵ ਸ਼੍ਰੇਣੀ ਦੇ ਮਾਮਲੇ ਵਿੱਚ);
- ✓ ਖੇਡ ਸ਼੍ਰੇਣੀ ਲਈ, ਡਾਇਰੈਕਟਰ ਪੰਜਾਬ ਖੇਡ ਵਿਭਾਗ ਵੱਲੋਂ ਜਾਰੀ ਗ੍ਰੇਡੇਸ਼ਨ ਸਰਟੀਫਿਕੇਟ;
- ✓ ਅਨੁਸੂਚਿਤ ਜਾਤੀ ਲਈ, ਸਮਰੱਥ ਅਥਾਰਟੀ ਵੱਲੋਂ ਜਾਰੀ ਸਰਟੀਫਿਕੇਟ;
- ✓ ਯੋਗ ਪ੍ਣਾਲੀ ਰਾਹੀਂ ਅਪਲਾਈ ਕਰਨ ਵਾਲੇ ਉਮੀਦਵਾਰਾਂ ਲਈ ਵਿਭਾਗ ਦੇ ਮੁਖੀ ਵੱਲੋਂ ਜਾਰੀ '**No-objection Certificate'** ਦੀ ਕਾਪੀ;

**7. ਹੋਰ ਨਿਯਮ ਅਤੇ ਸ਼ਰਤਾਂ**

ਉਮੀਦਵਾਰ ਇਸ਼ਤਿਹਾਰ ਦੇ ਪ੍ਰਕਾਸ਼ਿਤ ਹੋਣ ਦੀ ਮਿਤੀ ਨੂੰ ਹੇਠ ਦਿੱਤੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ:-

i. ਇਹ ਇਸ਼ਤਿਹਾਰ 07 ਅਸਾਮੀਆਂ (ਜਨਰਲ-05, ਅਨੁਸੂਚਿਤ ਜਾਤੀ-01, ਸਪੋਰਟਸ-01) ਦੀ ਭਰਤੀ ਲਈ ਪ੍ਰਕਾਸ਼ਿਤ ਕੀਤਾ ਗਿਆ ਹੈ। ਕੁੱਲ ਅਸਾਮੀਆਂ ਵਿੱਚੋਂ 03 ਅਸਾਮੀਆਂ (ਜਨਰਲ-02, ਸਪੋਰਟਸ-

01) ਪਹਿਲਾਂ ਹੀ ਖਾਲੀ ਪਈਆਂ ਹਨ, ਜਦੋ ਕਿ 04 ਅਸਾਮੀਆਂ (ਜਨਰਲ-03, ਅਨੁਸੂਚਿਤ -01) ਦੀ ਖਾਲੀ ਹੋਣ ਦੀ ਸੰਭਾਵਨਾ ਹੈ ਜੇਕਰ ਪਹਿਲਾਂ ਤੋਂ ਕੰਮ ਕਰ ਰਹੇ ਗਰੁੱਪ-ਡੀ ਕਰਮਚਾਰੀ ਕਲਰਕ ਦੀਆਂ ਅਸਾਮੀਆਂ ਤੇ ਪੱਦਉਨਤ ਹੁੰਦੇ ਹਨ । ਇਸਲਈ 04 ਅਸਾਮੀਆਂ (ਜਨਰਲ-03, ਅਨੁਸੁਚਿਤ ਜਾਤੀ -01) ਦੇ ਵਿਰੁੱਧ ਚੁਣੇ ਗਏ ਉਮੀਦਵਾਰ ਕੇਵਲ ਉਸੇ ਸੂਰਤ ਵਿੱਚ ਨਿਯੁਕਤ ਵਿੱਚ ਕੀਤੇ ਜਾਣਗੇ ਜੇਕਰ ਵਰਤਮਾਨ ਵਿੱਚ ਇਹਨਾਂ ਆਸਾਮੀਆਂ ਤੇ ਕੰਮ ਕਰ ਰਹੇ ਕਰਮਚਾਰੀ ਪੱਦਉਨਤ ਹੁੰਦੇ ਹਨ।

ii. ਉਮੀਦਵਾਰਾਂ ਨੂੰ ਅਰਜ਼ੀ ਫਾਰਮ ਭਰਨ ਤੋਂ ਪਹਿਲਾਂ ਇਸ਼ਤਿਹਾਰ ਨੂੰ ਚੰਗੀ ਤਰਾਂ ਪੜ੍ਹਨ ਦੀ ਸਲਾਹ ਦਿੱਤੀ ਜਾਂਦੀ ਹੈ;

iii. ਰਾਖਵੀਂ ਸ਼੍ਰੇਣੀ ਵਿੱਚ ਅਪਲਾਈ ਕਰਨ ਵਾਲੇ ਉਮੀਦਵਾਰ ਪੰਜਾਬ ਰਾਜ ਦੇ ਵਸਨੀਕ ਹੋਣ ਅਤੇ ਇਸ ਸੰਬਧੀ ਪੰਜਾਬ ਰਾਜ ਦੇ ਰਿਹਾਇਸ਼ੀ ਸਰਟੀਫਿਕੇਟ ਦੀ ਕਾਪੀ ਅਰਜ਼ੀ ਫਾਰਮ ਦੇ ਨਾਲ ਨੱਥੀ ਕਰਨੀ ਲਾਜਮੀ ਹੋਵੇਗੀ।

iv. ਅਧੂਰੇ ਬਿਨੈ-ਪੱਤਰ ਬਿਨਾਂ ਕਿਸੇ ਸ਼ਰਤ ਰੱਦ ਕਰ ਦਿੱਤੇ ਜਾਣਗੇ ਅਤੇ ਭਵਿੱਖ ਵਿੱਚ ਇਸ ਸਬੰਧੀ ਕੋਈ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ;

v. ਕਿਸੇ ਵੀ ਸੂਰਤ ਵਿੱਚ, ਆਖਰੀ ਮਿਤੀ ਤੋਂ ਬਾਅਦ ਪ੍ਰਾਪਤ ਹੋਈਆਂ ਅਰਜ਼ੀਆਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ;

vi. ਇਸ ਭਰਤੀ ਪ੍ਰਕਿਰਿਆ ਦੇ ਸੰਦਰਭ ਸਾਰੀ ਜਾਣਕਾਰੀ ਰਾਜ ਅਥਾਰਟੀ ਵੱਲੋਂ ਸਮੇਂ-ਸਮੇਂ 'ਤੇ ਵੈਬਸਾਈਟ ਤੇ ਅਪਲੋਡ ਕੀਤੀ ਜਾਵੇਗੀ। ਇਸ ਲਈ ਬਿਨੈਕਾਰ ਇਹ ਯਕੀਨੀ ਬਣਾਉਣ ਕਿ ਉਹਨਾਂ ਕੋਲ ਢੁੱਕਵੀਂ ਇੰਟਰਨੈਟ ਸਹੂਲਤ ਉਪਲਬਧ ਹੋਵੇ ਤਾਂ ਜੋ ਭਰਤੀ ਸੰਬਧੀ ਸਟੇਟ ਅਥਾਰਟੀ ਵੱਲੋਂ ਸਮੇਂ ਸਮੇਂ ਤੇ ਵੈਬਸਾਈਟ **'www.pulsa.punjab.gov.in'** ਤੇ ਪੋਸਟ ਕੀਤੇ ਜਾਣ ਵਾਲੇ ਦਿਸ਼ਾ ਨਿਰਦੇਸ਼ਾਂ ਤੋਂ ਆਪਣੇ ਆਪ ਨੂੰ ਅਪਡੇਟ ਕਰ ਸਕਣ;

vii. ਬਿਨੈਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣਾ ਮੋਬਾਈਲ ਨੰਬਰ/ਈਮੇਲ ਆਈਡੀ ਨਾ ਬਦਲਣ, ਜਿਸ ਦਾ ਕਿ ਉਨ੍ਹਾਂ ਵੱਲੋਂ ਅਰਜੀ ਫਾਰਮ ਵਿੱਚ ਜ਼ਿਕਰ ਕੀਤਾ ਹੈ;

viii. ਬਿਨੈਕਾਰਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਭਵਿੱਖ ਵਿੱਚ ਕਿਸੇ ਵੀ ਤਰਾਂ ਦੀ ਉਲਝਣ ਤੋਂ ਬਚਣ ਲਈ ਕਿਸੇ ਅਣਜਾਣ ਵਿਅਕਤੀ ਦਾ ਮੋਬਾਈਲ ਨੰਬਰ/ਈਮੇਲ ਆਈਡੀ ਆਪਣੇ ਅਰਜੀ ਫਾਰਮ ਵਿੱਚ ਨਾ ਲਿਖਣ। ਭਰਤੀ ਸੰਬਧੀ ਡਿਜੀਟਲ ਮੋਡ ਦੇ ਜਰੀਏ ਕੋਈ ਵੀ ਸੂਚਨਾ ਜੇਕਰ ਕਿਸੇ ਕਾਰਨ ਜਿਵੇਂ ਕਿ ਮੋਬਾਈਲ ਫੋਨ ਦਾ ਐਕਟਿਵ ਨਾ ਹੋਣਾ/ਮੋਬਾਈਲ ਫੋਨ ਕਵਰੇਜ ਖੇਤਰ ਤੋਂ ਬਾਹਰ ਹੋਣ ਆਦਿ ਤੇ , ਉਮੀਦਵਾਰ ਤੱਕ ਨਾ ਪਹੁੰਚ ਸਕੇ ਤਾਂ ਅਜਿਹੀ ਸਥਿਤੀ ਵਿੱਚ ਸਟੇਟ ਅਥਾਰਟੀ ਦੀ ਕੋਈ ਜ਼ਿੰਮੇਵਾਰ ਨਹੀਂ ਹੋਵੇਗੀ । ਮਹੱਤਵਪੂਰਨ ਸੂਚਨਾਵਾਂ ਲਈ ਸਮੇਂ-ਸਮੇਂ ਤੇ ਰਾਜ ਅਥਾਰਟੀ ਦੀ ਵੈੱਬਸਾਈਟ ਤੇ ਜਾ ਕੇ ਆਪਣੇ ਆਪ ਨੂੰ ਅਪਡੇਟ ਕਰਨਾ ਉਮੀਦਵਾਰ ਦੀ ਜ਼ਿੰਮੇਵਾਰੀ ਹੋਵੇਗੀ;

ix. ਅਰਜ਼ੀ ਫਾਰਮ ਜਮ੍ਹਾਂ ਕਰਾਉਣ ਤੋਂ ਪਹਿਲਾਂ ਬਿਨੈਕਾਰ, ਅਰਜੀ ਫਾਰਮ ਵਿੱਚ ਭਰੀ ਗਈ ਸਾਰੀ ਜਾਣਕਾਰੀ ਚੰਗੀ ਤਰ੍ਹਾਂ ਜਾਂਚ ਲੈਣ ਕਿਉਂ ਜੋ ਫਾਰਮ ਵਿੱਚ ਭਰੇ ਗਏ ਹਰ ਵੇਰਵੇ ਲਈ ਬਿਨੈਕਾਰ ਖੁਦ ਜਿੰਮੇਵਾਰ ਹੋਵੇਗਾ ਅਤੇ ਜੇਕਰ ਕੋਈ ਵੀ ਜਾਣਕਾਰੀ ਗਲਤ ਪਾਈ ਜਾਂਦੀ ਹੈ ਤਾਂ ਬਿਨੈਕਾਰ ਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ।

x. ਅਰਜ਼ੀ ਫਾਰਮ ਜਮ੍ਹਾਂ ਕਰਵਾਉਣ ਤੋਂ ਬਾਅਦ ਕਿਸੇ ਵੀ ਸੂਰਤ ਵਿੱਚ ਬਿਨੈਕਾਰ ਨੂੰ ਆਪਣੇ ਅਰਜੀ ਫਾਰਮ ਵਿੱਚ ਭਰੀ ਗਈ ਸੂਚਨਾ ਨੂੰ ਬਦਲਣ ਜਾਂ ਫਿਰ ਦਰਜ ਸੂਚਨਾ ਵਿੱਚ ਕੁਝ ਘਟਾਉਣ-ਵਧਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ;

xi. ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਕੋਲ ਕਿਸੇ ਵੀ ਪੜਾਅ ਤੇ ਆਸਾਮੀਆਂ ਨੂੰ ਘਟਾਉਣ ਜਾ ਵਧਾਉਣ ਦਾ ਅਧਿਕਾਰ ਰਾਖਵਾਂ ਹੋਵੇਗਾ।

xii. ਭਰਤੀ ਪ੍ਰਕਿਰਿਆ ਦੇ ਸਾਰੇ ਪੜਾਵਾਂ ਤੇ ਉਮੀਦਵਾਰਾਂ ਦਾ ਦਾਖਲਾ ਪੂਰੀ ਤਰਾਂ ਆਰਜ਼ੀ ਹੋਵੇਗਾ ਅਤੇ ਦਸਤਾਵੇਜ਼ੀ ਸਬੂਤ ਪੇਸ਼ ਕਰਨ ਉਪਰੰਤ ਸਾਰੀਆਂ ਨਿਰਧਾਰਤ ਯੋਗਤਾਵਾਂ/ ਸ਼ਰਤਾਂ ਦੀ ਸੰਤੁਸ਼ਟੀ ਦੇ ਮੱਦੇਨੱਜਰ ਹੋਵੇਗਾ। ਜੇਕਰ ਕਿਸੇ ਵੀ ਸਮੇਂ, ਜਿਵੇਂ ਕਿ ਭਰਤੀ ਪ੍ਰਕਿਰਿਆ ਦੇ ਦੌਰਾਨ, ਪਹਿਲਾਂ ਜਾਂ ਬਾਅਦ ਵਿੱਚ ਜਾਂ ਨਿਯੁਕਤੀ ਤੋਂ ਬਾਅਦ ਵੀ ਇਹ ਪਾਇਆ ਜਾਂਦਾ ਹੈ ਕਿ ਉਮੀਦਵਾਰ ਨੇ ਗਲਤ ਜਾਣਕਾਰੀ ਦਿੱਤੀ ਹੈ ਜਾਂ ਉਮੀਦਵਾਰ ਅਯੋਗ ਪਾਇਆ ਗਿਆ ਹੈ, ਤਾਂ ਉਸਦੀ ਉਮੀਦਵਾਰੀ ਨੂੰ ਤੁਰੰਤ ਰੱਦ ਸਮਝਿਆ ਜਾਵੇਗਾ।

xiii. ਬਿਨੈਕਾਰ ਨੂੰ ਕੋਈ ਵੀ ਦਸਤਾਵੇਜ਼ ਪੇਸ਼ ਕਰਨ ਲਈ ਕੋਈ ਵਾਧੂ ਸਮਾਂ ਨਹੀਂ ਦਿੱਤਾ ਜਾਵੇਗਾ। ਸਟੇਟ ਅਥਾਰਟੀ ਵੱਲੋਂ ਉਮੀਦਵਾਰ ਤੋਂ ਕਿਸੇ ਵੀ ਤਰਾਂ ਦੇ ਦਸਤਾਵੇਜ ਦੀ ਮੰਗ ਕਰਨ ਤੇ ਜੇਕਰ ਉਮੀਦਵਾਰ ਸੰਬਧਤ ਦਸਤਾਵੇਜ ਪੇਸ਼ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਉਸਦੀ ਉਮੀਦਵਾਰੀ ਰੱਦ ਕਰ ਦਿੱਤੀ ਜਾਵੇਗੀ;

xiv. ਬਿਨੈ-ਪੱਤਰ ਜਮ੍ਹਾਂ ਕਰਨ ਦੀ ਆਖਰੀ ਮਿਤੀ ਤੋਂ ਬਾਅਦ ਤਿਆਰ ਕੀਤਾ ਗਿਆ ਕੋਈ ਵੀ ਦਸਤਾਵੇਜ ਸਵੀਕਾਰ ਨਹੀਂ ਕੀਤਾ ਜਾਵੇਗਾ;

xv. ਪੰਜਾਬ ਸਰਕਾਰ ਦੁਆਰਾ ਪੱਤਰ ਨੰਬਰ 7/204/2012-4FP1/66 ਮਿਤੀ 15.01.2015 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਤੇ ਰਾਜ ਸਰਕਾਰ ਦੁਆਰਾ ਸਮੇਂ-ਸਮੇਂ 'ਤੇ ਪਰਖਕਾਲ ਸਮੇਂ ਦੌਰਾਨ ਤਨਖਾਹਾਂ ਦੀ ਫਿਕਸੇਸ਼ਨ ਸਬੰਧੀ ਜਾਰੀ ਹੋਰ ਹਦਾਇਤਾਂ ਜੋ ਕਿ ਸੇਵਾ ਸੰਬਧੀ ਸ਼ਰਤਾਂ ਨੂੰ ਨਿਯੰਤ੍ਰਿਤ ਕਰਨ, ਲਾਗੂ ਹੋਣਗੀਆਂ;

xvi. ਉਮੀਦਵਾਰ ਜੋ ਕਿ ਪਹਿਲਾਂ ਤੋਂ ਹੀ ਪੰਜਾਬ ਸਰਕਾਰ ਦੇ ਦੂਜੇ ਵਿਭਾਗਾਂ ਵਿੱਚ ਕੰਮ ਕਰ ਰਹੇ ਹਨ, ਆਪਣਾ ਬਿਨੈ-ਪੱਤਰ ਯੋਗ ਪ੍ਣਾਲੀ ਰਾਹੀਂ ਜਮ੍ਹਾਂ ਕਰਾਉਣਗੇ ਅਤੇ ਵਿਭਾਗ ਦੇ ਮੁਖੀ ਦੁਆਰਾ ਜਾਰੀ **"No objection Certificate"** ਨਾਲ ਨੱਥੀ ਕਰਨਾ ਲਾਜਮੀ ਹੋਵੇਗਾ;

xvii. ਇਹ ਭਰਤੀ ਪ੍ਰਕਿਰਿਆ 07 ਅਸਾਮੀਆਂ (ਜਨਰਲ-05, ਅਨੁਸੂਚਿਤ ਜਾਤੀ-01, ਸਪੋਰਟਸ-01) ਲਈ ਸ਼ੁਰੂ ਕੀਤੀ ਗਈ ਹੈ। ਕੁੱਲ ਅਸਾਮੀਆਂ ਵਿੱਚੋਂ 03 ਅਸਾਮੀਆਂ (ਜਨਰਲ-02, ਸਪੋਰਟਸ-01) ਪਹਿਲਾਂ ਤੋਂ ਹੀ ਖਾਲੀ ਹਨ ਜਦੋ ਕਿ 04 ਅਸਾਮੀਆਂ (ਜਨਰਲ-03, ਅਨੁਸੂਚਿਤ ਜਾਤੀ -01) ਪਹਿਲਾਂ ਤੋਂ ਹੀ ਸੇਵਾ ਵਿੱਚ ਚੱਲ ਰਹੇ ਗਰੁੱਪ-ਡੀ ਕਰਮਚਾਰੀਆਂ ਦੀ ਤਰੱਕੀ ਦੇ ਨਤੀਜੇ ਵਜੋਂ ਖਾਲੀ ਹੋਣ ਦੀ ਸੰਭਾਵਨਾ ਹੈ। ਇਸ ਲਈ, ਜੇਕਰ ਗਰੁੱਪ-ਡੀ ਦਾ ਕੋਈ ਕਰਮਚਾਰੀ ਭਵਿੱਖ ਵਿੱਚ ਆਪਣੀ ਤਰੱਕੀ ਛੱਡ ਦਿੰਦਾ ਹੈ ਅਤੇ ਨਿਯਮਾਂ ਵਿੱਚ ਨਿਰਧਾਰਤ ਲੋੜੀਂਦੀ ਸਮਾਂ ਸੀਮਾ ਦੇ ਅੰਦਰ ਹੇਠਲੇ ਅਹੁਦੇ ਤੇ ਵਾਪਸ ਆ ਜਾਂਦਾ ਹੈ, ਤਾਂ ਅਜਿਹੀ ਸਥਿਤੀ ਵਿੱਚ, ਪਹਿਲਾਂ ਤੋਂ ਕੰਮ ਕਰ ਰਹੇ ਗਰੁੱਪ-ਡੀ ਕਰਮਚਾਰੀ(ਆਂ) ਦੁਆਰਾ ਖਾਲੀ ਕੀਤੀ ਗਈ ਅਸਾਮੀ ਦੇ ਵਿਰੁੱਧ ਨਵੇਂ ਨਿਯੁਕਤ ਉਮੀਦਵਾਰ ਨੂੰ ਬਿਨਾਂ ਕਿਸੇ ਅਗਾਊਂ ਨੋਟਿਸ ਦੇ ਡਿਊਟੀ ਤੋਂ ਫਾਰਗ ਕਰ ਦਿੱਤਾ ਜਾਵੇਗਾ। ਇਹ ਸ਼ਰਤ ਕੇਵਲ 04 ਅਸਾਮੀਆਂ (ਜਨਰਲ -03, ਅਨੁਸੂਚਿਤ ਜਾਤੀ-01) ਦੇ ਵਿਰੁੱਧ ਨਵੇਂ ਚੁਣੇ ਗਏ ਉਮੀਦਵਾਰਾਂ ਦੀ ਨਿਯੁਕਤੀ ਲਈ ਹੀ ਲਾਗੂ ਰਹੇਗੀ;

xviii. ਜਿਹੜੇ ਕਰਮਚਾਰੀ ਕਿਸੇ ਵੀ ਵਿਭਾਗ/ਨਿਗਮ/ਬੋਰਡ/ਖੁਦ-ਮੁਖਤਿਆਰ ਸੰਸਥਾ ਵਿੱਚ ਠੇਕੇ/ਐਡਹਾਕ ਅਧਾਰ ਤੇ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਰਾਜ/ਕੇਂਦਰੀ ਸਰਕਾਰ ਦੇ ਕਰਮਚਾਰੀ ਨਹੀਂ ਮੰਨਿਆ ਜਾਵੇਗਾ;

xix. ਚੁਣੇ ਗਏ ਉਮੀਦਵਾਰਾਂ ਨੂੰ ਪੰਜਾਬ ਰਾਜ ਦੇ ਕਿਸੇ ਵੀ ਜ਼ਿਲੇ ਵਿੱਚ ਤੈਨਾਤ/ਬਦਲਿਆ ਜਾ ਸਕਦਾ ਹੈ; **'Assessment of General Aptitude, Behavior, Dress as well as Mannerism'** ਵਿੱਚ ਭਾਗ ਲੈਣ ਵਾਲੇ ਯੋਗ ਉਮੀਦਵਾਰ ਕਿਸੇ ਵੀ ਤਰਾਂ ਦੇ TA/DA ਦੇ ਹੱਕਦਾਰ ਨਹੀ ਹੋਣਗੇ;

xx. ਇਸ ਭਰਤੀ ਪ੍ਰਕਿਰਿਆ ਸਬੰਧੀ ਸਾਰੀਆਂ ਘੋਸ਼ਣਾਵਾਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਵੈੱਬਸਾਈਟ www.pulsa.punjab.gov.in 'ਤੇ ਕੀਤੀਆਂ ਜਾਣਗੀਆਂ। ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਉਕਤ ਵੈੱਬਸਾਈਟ ਨਿਯਮਿਤ ਰੂਪ ਵਿੱਚ ਵਿਜਿਟ ਕਰਦੇ ਰਹਿਣ। ਕਿਸੇ ਵੀ ਉਮੀਦਵਾਰ ਵੱਲੋਂ ਉਕਤ ਵੈੱਬਸਾਈਟ ਤੇ ਭਰਤੀ ਸੰਬਧੀ ਸਮੇਂ ਸਮੇਂ ਤੇ ਸਾਂਝੀ ਕੀਤੀ ਜਾਣਕਾਰੀ ਨਾ ਮਿਲ ਸਕਣ ਤੇ ਸਟੇਟ ਅਥਾਰਟੀ ਜ਼ਿੰਮੇਵਾਰ ਨਹੀਂ ਹੋਵੇਗੀ;

xxi. ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਉਕਤ ਦਰਸਾਏ ਨਿਯਮਾਂ ਅਤੇ ਸ਼ਰਤਾਂ ਵਿੱਚੋ ਕਿਸੇ ਵੀ ਸ਼ਰਤ ਨੂੰ ਕੱਟਣ ਜਾਂ ਫਿਰ ਕਿਸੇ ਹੋਰ ਸ਼ਰਤ ਨੂੰ ਜੋੜਨ ਦਾ ਅਧਿਕਾਰ ਰਾਖਵਾਂ ਰੱਖਦੀ ਹੈ।

**ਮਿਤੀ:-** **ਮੈਂਬਰ ਸਕੱਤਰ**

**Annexure-A**

ਸਵੈ-ਪ੍ਰਮਾਣਿਤ ਤਾਜ਼ਾ ਪਾਸਪੋਰਟ ਆਕਾਰ ਦੀ ਫੋਟੋ ਲਗਾਓ

## ਗਰੁੱਪ ਡੀ ਦੇ ਅਹੁਦੇ ਲਈ ਅਰਜ਼ੀ ਫਾਰਮ

*(ਬਿਨੈਕਾਰ ਦੁਆਰਾ ਆਪਣੀ ਲਿਖਤ ਵਿੱਚ ਭਰਿਆ ਜਾਣਾ)*

1. ਉਮੀਦਵਾਰ ਦਾ ਨਾਮ ______________________

2. ਪਿਤਾ ਦਾ ਨਾਮ ______________________

3. ਸਥਾਈ ਰਿਹਾਇਸ਼ੀ ਪਤਾ ______________________

______________________

4. ਜਾਤੀ
(ਜਨਰਲ, ਅਨੁਸੂਚਿਤ ਜਾਤੀ, ਸਪੋਰਟਸ)

______________________

5. ਲਿੰਗ

6. ਜਨਮ ਮਿਤੀ (DD/MM/YY) ______________________

7. ਉਮਰ (01.01.2024 ਨੂੰ) ______________________

8. ਸੰਪਰਕ ਵੇਰਵੇ (ਮੋਬਾਈਲ ਨੰਬਰ/ ______________________
ਈ-ਮੇਲ) ______________________

9. ਵਿਦਿਅਕ ਯੋਗਤਾ

| **ਪ੍ਰੀਖਿਆ ਡਿਗਰੀ/ਡਿਪਲੋਮਾ** | **ਯੂਨੀਵਰਸਿਟੀ/ਬੋਰਡ** | **ਵਿਸ਼ਾ** | **ਪਾਸ ਕਰਨ ਦਾ ਸਾਲ** | **ਅੰਕ ਪ੍ਰਤੀਸ਼ਤ/ ਕਲਾਸ/ਗ੍ਰੇਡ** |
|---|---|---|---|---|
| ਮਿਡਲ ਪੱਧਰ (ਅਠਵੀਂ) ਜਾਂ ਇਸਦੇ ਬਰਾਬਰ ਦੀ ਯੋਗਤਾ | | | | |
| ਮੈਟ੍ਰਿਕ | | | | |
| ਬਾਰ੍ਹਵੀ | | | | |
| ਗ੍ਰੈਜੂਏਸ਼ਨ | | | | |
| ਕੋਈ ਹੋਰ ਵਿਦਿਅਕ ਯੋਗਤਾ | | | | |

10. ਕੀ ਉਮੀਦਵਾਰ ਵੱਲੋਂ **ਅਠਵੀਂ** ਪੱਧਰ ਤੱਕ ਪੰਜਾਬੀ ਇੱਕ ਵਿਸ਼ੇ ਵਜੋਂ ਪਾਸ ਕੀਤੀ ਗਈ ਹੈ, ਜੇਕਰ ਹਾਂ ਤਾਂ ਸਬੂਤ ਵਜੋਂ ਸਰਟੀਫਿਕੇਟ ਨਾਲ ਨੱਥੀ ਕੀਤਾ ਜਾਵੇ। ______________________

11. ਵਿਸ਼ੇਸ਼/ਮੁਹਾਰਤ (ਹਾਂ/ਨਹੀਂ): ______________________

(ਡਰਾਈਵਿੰਗ/ ਟਾਈਪਿੰਗ/ਈਵੈਂਟ ਮੈਨੇਜਮੈਂਟ/
ਕੰਪਿਊਟਰ ਗਿਆਨ/ਹੋਰ ਗਤੀਵਿਧੀਆਂ ਆਦਿ)

12. ਕੀ ਬਿਨੈਕਾਰ ਵੱਲੋਂ ਪਹਿਲਾਂ ਕਿਸੇ ਵੀ ਸਰਕਾਰੀ/ ਅਰਧ-ਸਰਕਾਰੀ/ਬੋਰਡਾਂ/ਕਾਰਪੋਰੇਸ਼ਨਾਂ/ ਖੁਦਮੁਖਤਿਆਰ ਸੰਸਥਾ ਵਿੱਚ ਸੇਵਾ ਨਿਭਾਈ ਗਈ ਹੈ? ਜੇਕਰ ਹਾਂ, ਤਾਂ ਵੇਰਵੇ ਦਿਓ: - ____________________

13. ਕੀ ਬਿਨੈਕਾਰ ਪਹਿਲਾਂ ਕਦੇ ਗ੍ਰਿਫਤਾਰ ਹੋਇਆ ਹੈ ਜਾਂ ਜੁਡੀਸ਼ੀਅਲ ਹਿਰਾਸਤ ਵਿੱਚ ਰਿਹਾ ਹੈ ਜਾਂ ਅਦਾਲਤ ਤਲਬ ਕੀਤਾ ਗਿਆ ਜਾਂ ਸੁਰੱਖਿਆ ਦੇ ਮੱਦੇਨਜਰ ਕੋਈ ਬਿਨੈਕਾਰ ਨੂੰ ਬਾਉਂਡ ਕਰਨ ਸਬੰਧੀ ਆਦੇਸ਼ ਜਾਰੀ ਹੋਏ ਹੋਣ ਜਾਂ ਬਿਨੈਕਾਰ ਨੂੰ ਦੋਸ਼ੀ ਠਹਿਰਾਇਆ ਗਿਆ ਹੋਵੇ । ਜੇ ਹਾਂ, ਤਾਂ ਵੇਰਵੇ ਦਿਓ:- ____________________

14. ਕੀ ਬਿਨੈਕਾਰ ਨੂੰ ਕਦੇ ਕਿਸੇ ਵੀ ਸਰਕਾਰੀ/ਅਰਧ-ਸਰਕਾਰੀ/ ਬੋਰਡਾਂ/ਕਾਰਪੋਰੇਸ਼ਨਾਂ/ਖੁਦਮੁਖਤਿਆਰ ਸੰਸਥਾ ਵਿੱਚ ਤੋਂ ਬਰਖਾਸਤ ਕੀਤਾ ਹੈ? ਜੇਕਰ ਹਾਂ, ਤਾਂ ਵੇਰਵਾ ਦਿਓ ____________________

15. ਕੀ ਬਿਨੈਕਾਰ ਨੂੰ ਕਦੇ ਕਿਸੇ ਵੀ ਸਰਕਾਰੀ/ਅਰਧ-ਸਰਕਾਰੀ/ ਕਾਰਪੋਰੇਸ਼ਨ/ਬੋਰਡ, ਸਥਾਨਕ ਸਰਕਾਰਾਂ ਵਿਭਾਗ/ ਖੁਦਮੁਖਤਿਆਰ ਸੰਸਥਾ ਵਿੱਚ ਨੌਕਰੀ ਕਰ ਰਿਹਾ ਹੈ? **(ਹਾਂ/ਨਹੀਂ)**: ____________________

**ਮਿਤੀ:**
**ਸਥਾਨ:** **ਬਿਨੈਕਾਰ ਦੇ ਹਸਤਾਖਰ**

## ਬਿਨੈਕਾਰ ਦੁਆਰਾ ਘੋਸ਼ਣਾ

(i) ਮੇਰੇ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਵੈੱਬਸਾਈਟ 'ਤੇ ਅਪਲੋਡ ਕੀਤੇ ਇਸ਼ਤਿਹਾਰ ਵਿੱਚ ਦਰਸਾਏ ਸਾਰੇ ਨਿਯਮਾਂ ਅਤੇ ਸ਼ਰਤਾਂ ਨੂੰ ਪੜ੍ਹ ਲਿਆ ਗਿਆ ਹੈ ਅਤੇ ਸਮਝ ਲਿਆ ਗਿਆ ਹੈ। ਮੈਂ ਸਾਰੇ ਨਿਯਮਾਂ ਅਤੇ ਸ਼ਰਤਾਂ ਨੂੰ ਸਵੀਕਾਰ ਕਰਦਾ ਹਾਂ।

(ii) ਮੈਂ ਪ੍ਰਮਾਣਿਤ ਕਰਦਾ ਹਾਂ ਕਿ ਅਰਜ਼ੀ ਫਾਰਮ ਵਿੱਚ ਦਿੱਤੇ ਵੇਰਵੇ/ਸੂਚਨਾ ਮੇਰੀ ਜਾਣਕਾਰੀ ਅਨੁਸਾਰ ਸਹੀ ਹਨ ਅਤੇ ਇਸ ਵਿੱਚ ਕੁਝ ਵੀ ਲੁਕਾਇਆ ਨਹੀਂ ਗਿਆ ਹੈ। ਜੇਕਰ ਮੇਰੇ ਵੱਲੋਂ ਦਿੱਤੀ ਕੋਈ ਵੀ ਜਾਣਕਾਰੀ ਝੂਠੀ/ਮਨਘੜੰਤ, ਗਲਤ ਪਾਈ ਜਾਦੀਂ ਹੈ, ਤਾਂ ਮੈਂ ਬਿਨਾਂ ਕਿਸੇ ਨੋਟਿਸ ਦੇ ਨਿਯੁਕਤੀ ਤੋਂ ਬਰਖਾਸਤਗੀ ਸਮੇਤ ਉਚਿਤ ਕਾਨੂੰਨੀ ਕਾਰਵਾਈ ਲਈ ਜ਼ਿੰਮੇਵਾਰ ਹੋਵਾਂਗਾ।

(iii) ਮੈਂ ਘੋਸ਼ਣਾ ਕਰਦਾ ਹਾਂ ਕਿ ਜੇਕਰ ਉਪਰੋਕਤ ਕਾਲਮ ਵਿੱਚੋਂ ਕੋਈ ਵੀ ਕਾਲਮ ਖਾਲੀ ਛੱਡ ਦਿੱਤਾ ਜਾਂਦਾ ਹੈ, ਤਾਂ ਮੇਰੀ ਅਰਜ਼ੀ ਰੱਦ ਕਰ ਦਿੱਤੀ ਜਾਵੇਗੀ।

**ਮਿਤੀ:**
**ਸਥਾਨ:** **ਬਿਨੈਕਾਰ ਦੇ ਹਸਤਾਖਰ**